# India-Kazakhstan Foreign Office Consultations

November 17, 2020

……………………………………………………………………………………………………..

# ਭਾਰਤ-ਕਜ਼ਾਕਿਸਤਾਨ ਦੇ ਵਿਦੇਸ਼ ਦਫਤਰਾਂ ਵੱਲੋਂ ਸਲਾਹ-ਮਸ਼ਵਰੇ

17 ਨਵੰਬਰ, 2020

ਭਾਰਤ ਅਤੇ ਕਜ਼ਾਕਿਸਤਾਨ ਦੇ ਵਿਦੇਸ਼ ਦਫਤਰਾਂ ਦਰਮਿਆਨ 7ਵੇਂ ਦੌਰ ਦੇ ਵਿਚਾਰ-ਵਟਾਂਦਰੇ ਡਿਜੀਟਲ ਵੀਡੀਓ ਕਾਨਫਰੈਂਸ ਰਾਹੀਂ 17 ਨਵੰਬਰ, 2020 ਨੂੰ ਹੋਏ। ਭਾਰਤੀ ਪੱਖ ਦੀ ਅਗਵਾਈ ਸਕੱਤਰ (ਪੱਛਮ) ਸ਼੍ਰੀ ਵਿਕਾਸ ਸਵਰੂਪ ਨੇ ਕੀਤੀ ਅਤੇ ਕਜ਼ਾਕ ਪੱਖ ਦੀ ਅਗਵਾਈ ਕਜ਼ਾਕਿਸਤਾਨੀ ਗਣਰਾਜ ਦੇ ਪਹਿਲੇ ਵਿਦੇਸ਼ ਉਪ-ਮੰਤਰੀ ਮਹਾਮਹਿਮ ਸ਼੍ਰੀ ਸ਼ਖਰਤ ਨੂਰੈਸ਼ੇਵ ਨੇ ਕੀਤੀ।

ਇਸ ਵਿਚਾਰ ਵਟਾਂਦਰੇ ਦੌਰਾਨ ਦੋਨਾਂ ਧਿਰਾਂ ਨੇ ਆਪਣੀ ਰਣਨੀਤਕ ਭਾਈਵਾਲੀ ਦੇ ਢਾਂਚੇ ਅੰਦਰ ਸਮੁੱਚੇ ਦੁਵੱਲੇ ਸਹਿਯੋਗ ਦਾ ਜਾਇਜ਼ਾ ਲਿਆ। ਇਸ ਵਿਚਾਰ-ਵਟਾਂਦਰੇ ਦੌਰਾਨ ਸਿਆਸੀ, ਆਰਥਿਕ ਅਤੇ ਵਪਾਰਕ, ਊਰਜਾ, ਰੱਖਿਆ, ਪੁਲਾੜ, ਕੌਂਸਲਰ ਅਤੇ ਸਭਿਆਚਾਰਕ ਮਾਮਲਿਆਂ ਬਾਰੇ ਗੱਲਬਾਤ ਹੋਈ। ਉਨ੍ਹਾਂ ਨੇ COVID -19 ਮਹਾਂਮਾਰੀ ਨਾਲ ਨਜਿੱਠਣ ਬਾਰੇ ਆਪਣੇ ਵਿਚਾਰ ਅਤੇ ਤਜ਼ਰਬੇ ਸਾਂਝੇ ਕੀਤੇ।

ਦੋਨਾਂ ਪੱਖਾਂ ਨੇ ਆਪਸੀ ਹਿਤ ਦੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵੀ ਵਿਚਾਰ ਵਟਾਂਦਰੇ ਕੀਤੇ ਅਤੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿੱਚ 2021-22 ਦੌਰਾਨ ਭਾਰਤ ਦੇ ਕਾਰਜਕਾਲ ਸਮੇਂ ਬਹੁਪੱਖੀ ਖੇਤਰ ਵਿੱਚ ਸਹਿਯੋਗ ਵਧਾਉਣ ਉੱਤੇ ਸਹਿਮਤੀ ਪ੍ਰਗਟਾਈ।

ਜਿਵੇਂ ਕਿ ਹਾਲੀਆ ਭਾਰਤ-ਮੱਧ ਏਸ਼ੀਆ ਸੰਵਾਦ ਦੌਰਾਨ ਵਿਦੇਸ਼ ਮੰਤਰੀ ਨੇ ਐਲਾਨ ਕੀਤਾ ਸੀ, ਵਿਦੇਸ਼ ਦਫਤਰਾਂ ਦੇ ਸਲਾਹ ਮਸ਼ਵਰੇ ਦੇ ਨਾਲ ਨਾਲ ਦੋਨਾਂ ਧਿਰਾਂ ਨੇ "ਕਜ਼ਾਕਿਸਤਾਨ ਵਿਚ ਉੱਚ ਪ੍ਰਭਾਵ ਵਾਲੇ ਕੰਮਿਊਨਿਟੀ ਵਿਕਾਸ ਪ੍ਰਾਜੈਕਟਾਂ ਨੂੰ ਲਾਗੂ ਕਰਨ ਲਈ ਭਾਰਤੀ ਗ੍ਰਾਂਟ ਸਹਾਇਤਾ" ਵਿਸ਼ੇ 'ਤੇ ਹੋਏ ਸਮਝੌਤੇ ਉੱਤੇ ਦਸਤਖ਼ਤ ਕੀਤੇ।

ਇਹ ਗੱਲਬਾਤ ਦੋਸਤਾਨਾ ਅਤੇ ਸੁਹਿਰਦ ਮਾਹੌਲ ਵਿਚ ਹੋਈ। ਅਗਲੀ ਵਾਰ ਦੇ ਸਲਾਹ ਮਸ਼ਵਰੇ ਆਪਸੀ ਸਹੂਲਤ ਅਨੁਸਾਰ ਫਿਜ਼ੀਕਲ ਰੂਪ ਵਿੱਚ ਕਰਨ ਉੱਤੇ ਸਹਿਮਤੀ ਦਿੱਤੀ ਗਈ.

ਨਵੀਂ ਦਿੱਲੀ
17 ਨਵੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.